# ਕਲੀਸੀਆ ਵਿਚ ਔਰਤਾਂ ਦੀ ਭੂਮਿਕਾ

ਬਾਈਬਲ ਮੁਤਾਬਕ ਇਸ ਜਗਤ ਵਿਚ ਔਰਤਾਂ ਨਵੀਆਂ ਨਹੀਂ ਹਨ। ਪੁਰਾਣੇ ਨੇਮ ਵਿਚ ਔਰਤ ਨੂੰ ਪਰਮੇਸ਼ੁਰ ਦੀ *ਖ਼ਾਸ* ਸਰਿਸ਼ਟੀ ਮੰਨਿਆ ਜਾਂਦਾ ਸੀ। ਬਾਗ਼-ਏ-ਅਦਨ ਵਿਚ ਪਾਪ ਕਰਨ ਦੇ ਬਾਅਦ, ਔਰਤ ਨੂੰ ਦੱਸਿਆ ਗਿਆ ਸੀ ਕਿ ਉਹ ਆਪਣੇ ਪਤੀ ਦੇ ਅਧੀਨ ਰਹੇਗੀ। ਹੁਣ ਵੀ ਪਰਮੇਸ਼ੁਰ ਦੇ ਪ੍ਰਬੰਧ ਵਿਚ ਔਰਤਾਂ ਨੂੰ ਇੱਜ਼ਤ ਦਿੱਤੀ ਜਾਂਦੀ ਹੈ। ਬਹੁ-ਵਿਆਹ ਨਾਲ ਛੋਟੀਆਂ ਮੋਟੀਆਂ ਗੱਲਾਂ ਤੇ ਤਲਾਕ ਕਰਕੇ ਖ਼ੁਦਾ ਨੇ ਨਹੀਂ ਸਗੋਂ ਆਦਮੀ ਨੇ ਔਰਤ ਨੂੰ ਜ਼ਲੀਲ ਕੀਤਾ ਹੈ।

ਨਵੇਂ ਨੇਮ ਵਿਚ ਅਸੀਂ ਦੇਖਦੇ ਹਾਂ ਕਿ ਔਰਤਾਂ ਲਈ ਪਰਮੇਸ਼ੁਰ ਦੀ ਇੱਜ਼ਤ ਦਾ ਥਾਂ ਯਿਸੂ ਨੇ ਫਿਰ ਤੋਂ ਬਹਾਲ ਕਰ ਦਿੱਤਾ ਹੈ। (ਖ਼ਾਸ ਤੌਰ ਤੇ ਲੂਕਾ ਦੀ ਕਿਤਾਬ ਤੇ ਔਰਤਾਂ ਪ੍ਰਤੀ ਵਿਖਾਈ ਗਈ ਇੱਜ਼ਤ ਵੱਲ ਧਿਆਨ ਦਿਓ।) ਯਿਸੂ ਸਲੀਬ ਤੇ ਸਭ ਲਈ ਮਰਿਆ। ਉਸ ਦੀ ਮੌਤ ਨਾਲ ਔਰਤ ਦੀ ਇੱਜ਼ਤ ਬਹਾਲ ਹੋਣ ਦੀ ਪ੍ਰਕਿਰਿਆ ਪੂਰੀ ਹੋ ਗਈ। ਸਲੀਬ ਦੇ ਕਦਮਾਂ ਵਿਚ ਆ ਕੇ ਜ਼ਮੀਨ ਪੱਧਰੀ ਹੋ ਜਾਂਦੀ ਹੈ (ਗਲਾਤੀਆਂ 3:26-28)।

ਇਹ ਸ਼ੁਰੂਆਤੀ ਕਲੀਸੀਆ ਵਿਚ ਔਰਤਾਂ ਦੇ ਕੰਮ ਦੀਆਂ ਕੁਝ ਉਦਾਹਰਣਾਂ ਹਨ: ਆਦਮੀਆਂ ਦੇ ਨਾਲ-ਨਾਲ ਔਰਤਾਂ ਨੂੰ ਵੀ ਸਤਾਇਆ ਜਾਂਦਾ ਸੀ ਅਤੇ ਉਹ ਇੰਜੀਲ ਨੂੰ ਫੈਲਾਉਣ ਵਿਚ ਉਨ੍ਹਾਂ ਦੀ ਮਦਦ ਕਰਦੀਆਂ ਸਨ (ਰਸੂਲਾਂ ਦੇ ਕੰਮ 8:3)। ਪ੍ਰਿਸਕਿੱਲਾ ਨੇ ਅਪੁੱਲੋਸ ਨੂੰ ਸੱਚਾਈ ਦਾ ਗਿਆਨ ਹੋਰ ਵੀ ਬੇਹਤਰ ਢੰਗ ਨਾਲ ਹਾਸਿਲ ਕਰਨ ਵਿਚ ਮਦਦ ਕੀਤੀ ਸੀ (ਰਸੂਲਾਂ ਦੇ ਕੰਮ 18)। ਫ਼ਿਲਿੱਪੁਸ ਦੀਆਂ ਚਾਰ ਧੀਆਂ ਨੂੰ ਨਬੂਵਤ ਕਰਨ ਦਾ ਦਾਨ ਸੀ (ਰਸੂਲਾਂ ਦੇ ਕੰਮ 21:9)। ਰੋਮੀਆਂ 16 ਅਧਿਆਇ ਵਿਚ ਕਈ ਔਰਤਾਂ ਦਾ ਜ਼ਿਕਰ ਹੈ, ਜੋ ਕਲੀਸੀਆ ਵਿਚ ਕੰਮ ਕਰਦੀਆਂ ਸਨ, ਜਿਸ ਵਿਚ ਮਸੀਹੀ ਔਰਤਾਂ ਨੂੰ ਕਿਤੇ-ਕਿਤੇ ਆਦਮੀਆਂ ਵਾਂਗ ਮਹਾਨ ਕੰਮ ਕਰਨ ਦੇ ਦਾਨ ਮਿਲੇ ਸਨ (ਵੇਖੋ 1 ਕੁਰਿੰਥੀਆਂ 12-14; ਵੇਖੋ 1 ਕੁਰਿੰਥੀਆਂ 11:5)। ਯੂਓਦੀਆ ਅਤੇ ਸੰਤੁਖੇ ਖੁਸ਼ਖਬਰੀ ਦੇ ਪ੍ਰਚਾਰ ਵਿਚ ਪੌਲੁਸ ਦੇ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੀਆਂ ਸਨ (ਫ਼ਿਲਿੱਪੀਆਂ 4:2, 3)।

ਪਰ ਇਸ ਵਿਚ ਕਿਸੇ ਨੇ ਵੀ ਉਤਪਤ 3 ਅਧਿਆਇ ਵਿਚਲੇ *ਆਦਮੀਆਂ* ਦੇ ਅਗਵਾਈ ਕਰਨ ਦੇ ਪਰਮੇਸ਼ੁਰ ਦੇ ਮੂਲ ਪ੍ਰਬੰਧ ਨੂੰ ਨਹੀਂ ਬਦਲਿਆ। ਪਤੀ/ਪਤਨੀ ਦੇ ਸਬੰਧ ਵਿਚ ਸਿਰ ਆਦਮੀ ਹੈ (ਅਫ਼ਸੀਆਂ 5:22-24, 33; 1 ਪਤਰਸ 3:1, 5)। ਕਲੀਸੀਆ ਵਿਚ ਅਗਵਾਈ ਦਾ ਕੰਮ ਆਦਮੀਆਂ ਦਾ ਹੈ; ਪਵਿੱਤਰ ਆਤਮਾ ਦੀਆਂ ਦਿੱਤੀਆਂ ਯੋਗਤਾਵਾਂ ਔਰਤਾਂ ਨੂੰ ਐਲਡਰ ਬਣਾਉਣ ਦੇ ਯੋਗ ਨਹੀ ਠਹਿਰਾਉਂਦੀਆਂ (ਉਹ ''ਇੱਕੋ ਪਤਨੀ ਦਾ ਪਤੀ'' ਨਹੀਂ ਹੋ ਸਕਦੀ)। ਬੰਦਗੀ ਵਿਚ ਅਗਵਾਈ ਕਰਨ ਦਾ ਕੰਮ ਆਦਮੀਆਂ ਦਾ ਹੈ (1 ਕੁਰਿੰਥੀਆਂ

14; 1 ਤਿਮੋਥਿਉਸ 2)।

ਅੱਜ ਕੁਝ ਔਰਤਾਂ ਖ਼ੁਦਾ ਦੀ ਮਰਜ਼ੀ ਤੋਂ ਅੱਗੇ ਵਧ ਗਈਆਂ ਹਨ (2 ਯੂਹੰਨਾ 9)। ਬਹੁਤ ਸਾਰੇ ਧਾਰਮਿਕ ਫ਼ਿਰਕਿਆਂ ਵਿਚ ਕਲੀਸੀਆਵਾਂ ਵਿਚ ਔਰਤਾਂ ਨੂੰ ਪ੍ਰਚਾਰਕ ਨਿਯੁਕਤ ਕੀਤਾ ਗਿਆ ਹੈ। ਜੇ ਅਸੀਂ ਚੌਕਸੀ ਨਹੀਂ ਵਰਤਦੇ ਤਾਂ ਇਹ ਬੁਰਿਆਈ ਕਲੀਸੀਆ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਵਿਚਾਰ ਕਰਨ ਲਈ ਆਇਤਾਂ

ਗਲਾਤੀਆਂ 3:36-28 ਨੂੰ ਉਹ ਲੋਕ ਜੋ ਇਹ ਮੰਨਦੇ ਹਨ ਕਿ ਕਲੀਸੀਆ ਵਿਚ ਔਰਤਾਂ ਨੂੰ ਲੀਡਰਸ਼ਿਪ ਦਾ ਕੰਮ ਕਰਨਾ ਚਾਹੀਦਾ ਹੈ, ਮੁੱਖ ਆਇਤਾਂ ਮੰਨਦੇ ਹਨ। ਪਰ ਇਹ ਪਤੀ/ਪਤਨੀ ਦੇ ਸਬੰਧਾਂ ਅਤੇ ਮਾਤਾ-ਪਿਤਾ/ਬੱਚੇ ਦੇ ਸਬੰਧਾਂ ਜਿਵੇਂ ਪਰਮੇਸ਼ੁਰ ਵੱਲੋਂ ਦਿੱਤੀਆਂ ਬੁਨਿਆਦੀ ਭੂਮਿਕਾਵਾਂ ਦਾ ਇਨਕਾਰ ਕਰਨਾ ਨਹੀਂ ਹੈ। ਉਦਾਹਰਣ ਲਈ ਮੇਰੀਆਂ ਸਭ ਕੁੜੀਆਂ ਨੇ ਛੋਟੀ ਉਮਰੇ ਹੀ ਇੰਜੀਲ ਨੂੰ ਮੰਨ ਲਿਆ ਸੀ। ਕੀ ਇਸ ਦਾ ਅਰਥ ਇਹ ਸੀ ਕਿ ਉਨ੍ਹਾਂ ਨੂੰ ਹੁਣ ਮੇਰੀ ਗੱਲ ਮੰਨਣ ਦੀ ਲੋੜ ਨਹੀਂ ਹੈ ਕਿਉਂਕਿ ਯਿਸੂ ਵਿਚ ਅਸੀਂ ਸਭ ਬਰਾਬਰ ਹਾਂ।

ਇਕ ਹਵਾਲਾ ਜਿਸ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਉਹ ਹੈ 1 ਕੁਰਿੰਥੀਆਂ 14:34, 35: ''ਮੰਡਲੀਆਂ ਵਿਚ ਤੀਵੀਆਂ ਚੁੱਪ ਰਹਿਣ ਕਿਉਂ ਜੋ ਉਨ੍ਹਾਂ ਨੂੰ ਬੋਲਣ ਦੀ ਆਗਿਆ ਨਹੀਂ ਹੈ।'' ਇਸ ਹਵਾਲੇ ਦਾ ਪਿਛੋਕੜ ਬੰਦਗੀ ਵਿਚ ਪਾਈ ਜਾਣ ਵਾਲੀ ਗੜਬੜੀ ਹੈ। ਇਸ ਮੁਸ਼ਕਿਲ ਦਾ ਹੱਲ ਇਹ ਸੀ ਕਿ ''ਸਾਰੀਆਂ ਗੱਲਾਂ ਢੱਬ ਸਿਰ ਅਤੇ ਜੁਗਤੀ ਨਾਲ ਹੋਣ'' (ਆਇਤ 40)। ਪੌਲੁਸ ਨੇ ਇਸ ਨੂੰ ਪੂਰਾ ਕਰਨ ਲਈ ਕਈ ਨਿਅਮ ਬਣਾਏ। ਛੇਵਾਂ ਨਿਅਮ ਔਰਤਾਂ ਲਈ ਚੁੱਪ ਰਹਿਣ ਦਾ ਸੀ।

ਆਇਤ 40 ਦੀ ਸੈਟਿੰਗ ਮੰਡਲੀ ਦੀ ਹੈ; ਕਲੀਸੀਆ ਬੰਦਗੀ ਲਈ ਇਕੱਠੀ ਹੁੰਦੀ ਸੀ (ਵੇਖੋ ਆਇਤਾਂ 19, 23, 26, 28; ''ਕਲੀਸੀਆ'' *[ekklesia]* ਇੱਥੇ ਇਸ ਦਾ ਅਰਥ ''ਸਭਾ'' ਹੈ, ਜੋ *ਇਕਲੇਸੀਆ* ਦਾ ਮੂਲ ਅਰਥ ਹੈ)। ''ਚੁੱਪ ਰਹੇ'' ਯੂਨਾਨੀ ਸ਼ਬਦ *sigao* ਦਾ ਅਨੁਵਾਦ ਹੈ ਜਿਸ ਦਾ ਅਰਥ ਬਿਲਕੁਲ ਖਮੋਸ਼ੀ ਹੈ।[1]

ਇਕ ਹੋਰ ਮਹੱਤਵਪੂਰਨ ਹਵਾਲਾ 1 ਤਿਮੋਥਿਉਸ 2:11-14 ਹੈ, ਜਿਸ ਵਿਚ 1 ਕੁਰਿੰਥੀਆਂ 14 ਦੀਆਂ ਕਈ ਬਰਾਬਰੀਆਂ ਹਨ। ਆਮ ਵਿਸ਼ਾ ਬੰਦਗੀ, ਖਾਸ ਕਰਕੇ ਦੁਆ ਹੈ (ਆਇਤਾਂ 1, 8)। ਆਇਤ 12 ਵਿਚ ਸਿੱਖਿਆ ਦੇਣ ਦਾ ਵੀ ਜ਼ਿਕਰ ਹੈ। ਜ਼ੋਰ *ਆਦਮੀਆਂ* ਦੇ ਹਰ *ਥਾਂ* ਦੁਆ ਕਰਨ ਤੇ ਹੈ, ਜਿਸ ਵਿਚ ਸਾਫ਼ ਹੁੰਦਾ ਹੈ ਕਿ ਔਰਤਾਂ ਇਵੇਂ ਨਹੀਂ ਕਰ ਸਕਦੀਆਂ। (1 ਕੁਰਿੰਥੀਆਂ 1:2 ਵਿਚ ''ਹਰ ਥਾਂ'' ਦੀ ਵਰਤੋਂ *ਮਸੀਹੀ* ''ਥਾਵਾਂ'' ਲਈ ਕੀਤੀ ਗਈ ਹੈ।) ਧਿਆਨ ਦਿਓ ਕਿ ਆਇਤ 8 ਵਾਲਾ ਸ਼ਬਦ ''ਆਦਮੀ'' *aner* ਤੋਂ ਲਿਆ ਗਿਆ ਹੈ (ਜੋ ਕਿ ਔਰਤ ਦੇ ਉਲਟ ਆਦਮੀ ਲਈ ਹੈ) ਨਾ ਕਿ *anthropos* (ਮਨੁੱਖ ਜਾਤੀ ਲਈ ਆਮ ਸ਼ਬਦ, ਜਿਨ੍ਹਾਂ ਦੀ ਵਰਤੋਂ 1, 4, 5 ਆਇਤਾਂ ਵਿਚ ਹੋਈ ਹੈ।) ਫਿਰ ਆਮ ਹਾਲਾਤ ਸਭ ਲੋਕਾਂ ਨਾਲ ਸਬੰਧਿਤ ਥਾਂ ਨੂੰ ਆਖਿਆ ਗਿਆ ਹੈ: ''ਪਵਿੱਤਰ ਹੱਥ ਅੱਡ ਕੇ'' ਮਨ ਵਿਚ ਅਜਿਹੀ ਮੰਡਲੀ ਦੀ ਤਸਵੀਰ ਲਿਆਉਂਦਾ ਹੈ ਜੋ ਪਰਮੇਸ਼ੁਰ ਦੇ ਸਾਹਮਣੇ ਹੱਥ ਅੱਡੇ ਦੁਆ ਕਰਦੀ ਹੈ, ਅਤੇ ਫਿਰ ਮੰਡਲੀ ਨੂੰ ਬਰਕਤ ਦੇਣ ਦੀ ਗੱਲ ਕਰਦਾ ਹੈ। ਫਿਰ ਇੱਥੇ ਔਰਤਾਂ

ਦੇ ਚੁੱਪ ਰਹਿਣ ਦੀ ਲੋੜ ਤੇ ਜੋਰ ਦਿੱਤਾ ਗਿਆ ਹੈ (ਆਇਤ 12)। ਉਪਦੇਸ਼ ਨਾ ਦੇਣ ਦੀ ਗੱਲ ਹੋਰ ਥਾਂ ਤੇ ਪੌਲੁਸ ਦੀ ਆਪਣੀ ਸਿੱਖਿਆ ਦੇ ਵਿਰੁੱਧ ਨਹੀਂ ਹੋਵੇਗੀ: ਕਿਉਂਕਿ ਕੁਝ ਹਾਲਤਾਂ ਵਿਚ ਔਰਤਾਂ ਉਪਦੇਸ਼ ਦੇ ਸਕਦੀਆਂ ਹਨ (ਤੀਤੁਸ 2:3, 4 ਆਦਿ)।

1 ਤਿਮੋਥਿਉਸ 2, 1 ਕੁਰਿੰਥੀਆਂ 14 ਦੀਆਂ ਆਇਤਾਂ ਨਾਲੋਂ ਬਹੁਤਾ ਆਮ ਹੈ। ਇਸ ਵਿਚ *ਵਿਹਾਰ* ਤੇ ਬਹੁਤਾ ਜ਼ੋਰ ਦਿੱਤਾ ਗਿਆ ਹੈ। ਇਸ ਭਾਗ ਵਿਚ ''ਚੁੱਪ'' 1 ਕੁਰਿੰਥੀਆਂ 14 ਅਧਿਆਇ ਵਾਲੇ ਸ਼ਬਦ ਤੋਂ ਫ਼ਰਕ ਸ਼ਬਦ ਤੋਂ ਅਨੁਵਾਦ ਕੀਤਾ ਗਿਆ ਹੈ। ਇਹ *hesuchia* ਤੋਂ ਕੀਤਾ ਗਿਆ ਹੈ ਜੋ ਵਿਹਾਰ, ਮਨ, ਸੁਭਾਉ ਦੀ ਗੈਰ ਮੌਜੂਦਗੀ ਦੀ ਗੱਲ ਬਹੁਤੀ ਨਹੀਂ ਹੈ। ਇਸ ਦਾ ਅਨੁਵਾਦ ''ਸ਼ਾਂਤੀ'' ਜਾਂ ''ਖ਼ਾਮੋਸ਼ੀ ਨਾਲ'' ਹੋ ਸਕਦਾ ਹੈ (ਵੇਖੋ NASB, NIV; *ਵਾਈਨ'ਜ਼ ਐਕਸਪੋਜ਼ਿਟਰੀ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਵਰਡਜ਼* ਵਿਚ *hesuchia* ਵੇਖੋ)। ਇਹ 1 ਤਿਮੋਥਿਉਸ 2:2 ਵਿਚ ਅਰਾਮ ਅਤੇ ਚੈਨ ਨਾਲ ਜੀਵਨ ਅਤੇ 2 ਤਿਮੋਥਿਉਸ 3:12 ਵਿਚ ਮਸੀਹੀ ਲੋਕਾਂ ਨੂੰ ਚੁੱਪ ਚਾਪ ਰਹਿ ਕੇ ਕੰਮ ਕਰਨ ਦੀ ਬੇਨਤੀ ਕਰਨ ਲਈ ਵਰਤੇ ਗਏ ਸ਼ਬਦ ਹਨ। ''ਹੁਕਮ ਦੇਣਾ'' ਸ਼ਬਦ ਜੋੜਿਆ ਗਿਆ ਹੈ, ਇਸ ਦਾ ਅਨੁਵਾਦ ਯੂਨਾਨੀ ਸ਼ਬਦ *authenteo* ਤੋਂ ਹੋਇਆ ਹੈ ਅਤੇ ਇਸ ਦਾ ਅਰਥ ''ਉੱਤੇ ਹੱਕ ਰੱਖਣਾ ਹੈ'' ਜਾਂ ''ਹੁਕਮ ਦੇਣਾ'' ਹੈ (ਵੇਖੋ NASB, NIV)। ਇਹ ''usurped authority'' ਭਾਵ ''ਜ਼ਬਰਦਸਤੀ ਹੁਕਮ'' ਹੀ ਨਹੀਂ ਜਿਵੇਂ ਕਿ KJV ਤੋਂ ਸੰਕੇਤ ਮਿਲਦਾ ਹੈ ਸਗੋਂ ਆਮ ਤੌਰ ਤੇ ਦੂਜੇ ਤੇ ਅਧਿਕਾਰ ਕਰਦਾ ਹੈ। (ਔਰਤ ਪ੍ਰਚਾਰ ਨਹੀਂ ਕਰ ਸਕਦੀ ਹੈ ਭਾਵੇਂ ਐਲਡਰ ਉਸ ਨੂੰ ਅਜਿਹਾ ''ਹੱਕ'' ਦੇਣ ਦੀ ਕੋਸ਼ਿਸ਼ ਵੀ ਕਰਨ। ਕਿਉਂਕਿ ''ਹੱਕ ਨਾਲ'' [ਤੀਤੁਸ 2:15] ਪ੍ਰਚਾਰਕ ਹੀ ਬੋਲਦਾ ਹੈ, ਇਸ ਲਈ ਉਸ ਅਹੁਦੇ ਨੂੰ ਔਰਤ ਨਹੀਂ ਭਰ ਸਕਦੀ।) ਆਮ ਵਿਸ਼ਾ ਬਣਾਉਣ ਲਈ, ਜਦ ਕਿਸੇ ਮੰਡਲੀ ਵਿਚ ਔਰਤਾਂ ਨੂੰ ਪਵਿੱਤਰ ਬਾਈਬਲ ਵਿੱਚੋਂ ਬੋਲਣ ਦੀ ਆਗਿਆ ਵੀ ਹੋਵੇ, ਤਾਂ ਵੀ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕੁਝ ਹੱਦ ਤਕ ਅਧੀਨ ਹੀ ਰਹਿਣ।

ਧਿਆਨ ਦਿਓ ਕਿ ਪੌਲੁਸ ਨੇ ਨਾ ਸਿਰਫ਼ ਆਪਣੇ ਸਮੇਂ ਦੀਆਂ ਰਵਾਇਤਾਂ ਵੱਲ ਧਿਆਨ ਦੁਆਇਆ ਸਗੋਂ ਉਹ ਉਤਪਤ ਦੀ ਕਿਤਾਬ ਦੇ ਪਹਿਲੇ ਅਧਿਆਇ ਅਤੇ ਹਰ ਯੁੱਗ ਦੇ ਪਰਮੇਸ਼ੁਰ ਦੇ ਪ੍ਰਬੰਧ ਦੇ ਵੱਲ ਵਾਪਿਸ ਗਿਆ।

ਆਉ ਹੁਣ ਸੰਖੇਪ ਵਿਚ ਰਸਮਾਂ ਰਿਵਾਜ਼ਾਂ ਦੀ ਗੱਲ ਕਰਦੇ ਹਾਂ। ਔਰਤਾਂ ਨੂੰ ਖਾਸ ਤੌਰ ਤੇ ਆਮ ਸਭਾਵਾਂ ਵਿਚ ਅਗਵਾਈ ਨਹੀਂ ਕਰਨੀ ਸੀ, ਇਸ ਦੇ ਇਲਾਵਾ ਉਹ ਆਮ ਤੌਰ ਤੇ ਆਦਮੀਆਂ ਤੇ ''ਅਧਿਕਾਰ'' ਨਹੀਂ ਰੱਖਦੀ ਸੀ (1 ਕੁਰਿੰਥੀਆਂ 11:2-16)। ਦੂਜੇ ਪਾਸੇ, ਔਰਤਾਂ ਆਪਣੇ ਦਾਨਾਂ ਜਾਂ ਖੂਬੀਆਂ ਦੀ ਵਰਤੋਂ ਵਧੇਰੇ ਨਿੱਜੀ ਥਾਂ ਤੇ ਕਰਦੀਆਂ ਹਨ (ਪ੍ਰਿਸਕਿੱਲਾ, ਰਸੂਲਾਂ ਦੇ ਕੰਮ 18:24-26; ਫ਼ਿਲਿੱਪੁਸ ਦੀਆਂ ਧੀਆਂ, ਰਸੂਲਾਂ ਦੇ ਕੰਮ 21:8, 9)। ਸਵਾਲ ਇਹ ਹੈ ਕਿ ''ਬੰਦਗੀਆਂ ਅਤੇ ਨਿੱਜੀ ਹਲਾਤਾਂ *ਵਿਚ* ਸਭ ਹਲਾਤਾਂ ਵਿਚ ਔਰਤਾਂ ਨੂੰ ਕਿਵੇਂ ਦਾ ਵਿਹਾਰ ਕਰਨਾ ਚਾਹੀਦਾ ਹੈ?'' ਆਮ ਨਿਅਮ ਹੈ: ਜਿੰਨਾ ਉਹ ''ਬੰਦਗੀ'' ਦੇ ਨੇੜੇ ਹੋਣਗੇ ਓਨਾ ਹੀ ਉਨ੍ਹਾਂ ਨੂੰ ਚੁੱਪ ਰਹਿਣਾ ਚਾਹੀਦਾ ਹੈ। ਜਿੰਨਾ ਉਹ ''ਨਿੱਜੀ'' ਹੋਣਗੇ ਓਨਾ ਹੀ ਉਨ੍ਹਾਂ ਨੂੰ ਬੋਲਣ ਦਾ ਹੱਕ ਹੈ। ਇਸ ਨਿਅਮ ਨਾਲ ਸਭ ਮੁਸ਼ਕਿਲਾਂ ਦਾ ਹੱਲ ਤਾਂ ਨਹੀਂ ਹੋਵੇਗਾ, ਪਰ ਸ਼ੁਰੂਆਤ ਜ਼ਰੂਰ ਹੋ ਸਕਦੀ ਹੈ।

ਮੂਲ ਆਇਤਾਂ ਨੂੰ ਛੱਡਣ ਤੋਂ ਪਹਿਲਾਂ, ਆਇਤ ''ਡੀਕਨੈੱਸ'' ਭਾਵ ਸੇਵਿਕਾ ਬਾਰੇ ਚੁੱਕੇ ਗਏ ਲੋਕਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹਾਂ (ਰੋਮੀਆਂ 16:1, 2)। ਅਜਿਹਾ ਸਬੂਤ ਨਹੀਂ ਹੈ

ਕਿ ਪਹਿਲੀ ਕਲੀਸੀਆ ਵਿਚ ਡੀਕਨੇਸ ਜਾਂ ਸੇਵਿਕਾ ਦੇ ਅਹੁਦੇ ਦੇ ਨਾਂਅ ਤੋਂ ਕੋਈ ''ਅਹੁਦਾ'' ਹੋਵੇ। ਜਿੱਥੋਂ ਤਕ ਮੈਨੂੰ ਪਤਾ ਹੈ ਨਵੇਂ ਨੇਮ ਵਿਚ ਸਿਰਫ਼ ਰੋਮੀਆਂ 16 ਅਧਿਆਇ ਵਿਚ ਹੀ ਕਿਸੇ ਔਰਤ ਲਈ ''ਡੀਕਨ'' ਸ਼ਬਦ ਵਰਤਿਆ ਗਿਆ ਹੈ। ਐਲਡਰਾਂ ਅਤੇ ਡੀਕਨਾਂ ਵਾਂਗ ਡੀਕਨੈੱਸਾਂ ਲਈ ਕੋਈ ਯੋਗਤਾ ਨਹੀਂ ਠਹਿਰਾਈ ਗਈ ਹੈ।

ਯਾਦ ਰੱਖੋ ਕਿ ਨਵੇਂ ਨੇਮ ਵਿਚ ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਆਮ ਜਾਂ ਖਾਸ ਦੋਹਾਂ ਅਰਥਾਂ ਵਿਚ ਕੀਤੀ ਜਾ ਸਕਦੀ ਹੈ ਜਿਵੇਂ ਕਿ ''ਕਲੀਸੀਆ,'' ''ਐਲਡਰ,'' ''ਯਿਸੂ'' ਆਦਿ। ਆਮ ਅਰਥ ਵਿਚ ''ਡੀਕਨ'' ਦਾ ਅਰਥ ਸਿਰਫ਼ ''ਸੇਵਕ'' ਜਾਂ ''ਸੇਵਾਦਾਰ'' ਹੈ। ਇਸ ਆਮ ਅਰਥ ਵਿਚ ਇਹ ਸ਼ਬਦ ਪ੍ਰਚਾਰਕਾਂ ਅਤੇ ਸਭ ਮਸੀਹੀ ਲੋਕਾਂ ਤੇ ਲਾਗੂ ਹੁੰਦੇ ਹਨ। ''ਡੀਕਨੈੱਸ'' ਦਾ ਮੂਲ ਅਰਥ ''ਸੇਵਿਕਾ''(ਸੇਵਾਦਾਰਨੀ) ਹੈ। *ਆਮ* ਅਰਥ ਵਿਚ, ਸਾਨੂੰ ਕਲੀਸੀਆ ਵਿਚ ਤਨਖਾਹ ਪਾਉਣ ਵਾਲੀ ਅਤੇ ਬਿਨਾ ਤਨਖਾਹ ਤੋਂ ''ਸੇਵਾਦਾਰਨੀਆਂ'' ਮਿਲ ਜਾਂਦੀਆਂ ਹਨ ਜੋ ਬਾਈਬਲ ਕਲਾਸ ਟੀਚਰ, ਕਲੀਸੀਆ ਦੀ ਸਹਾਇਕ, ਬੀਮਾਰਾਂ ਲਈ ਖਾਣਾ ਲੈ ਜਾਣ ਵਾਲੀ ਹੁੰਦੀ ਹੈ।

## ਬਾਈਬਲ ਨਾਲ ਸੰਤੁਲਨ ਬਣਾਈ ਰੱਖਣ ਦੇ ਸੁਝਾਅ

1. *ਅਸੀਂ ਉਹੀ ਸਿੱਖਿਆ ਦਈਏ ਜੋ ਇਸ ਵਿਸ਼ੇ ਤੇ ਬਾਈਬਲ ਦੱਸਦੀ ਹੈ।*

2. *ਆਪਣੇ ਲੋਕਾਂ ਨੂੰ ਸਿਖਾਈਏ ਕਿ ਉਹ ਅਗਵਾਈ ਕਰਨ।* ਕਿਸੇ ਨੇ ਕਿਹਾ ਹੈ ਕਿ ਸਾਡੀ ਸਭ ਤੋਂ ਵੱਡੀ ਦਿੱਕਤ ਅੱਗੇ ਆਉਣ ਦੀ ਔਰਤਾਂ ਦੀ ਇੱਛਾ ਓਨੀ ਨਹੀਂ ਜਿੰਨੀ ਆਦਮੀਆਂ ਦੇ ਉਵੇਂ ਅਗਵਾਈ ਨਾ ਕਰਨ ਦੀ ਹੈ ਜਿਵੇਂ ਉਨ੍ਹਾਂ ਨੂੰ ਕਰਨੀ ਚਾਹੀਦੀ ਹੈ।

3. *ਔਰਤਾਂ ਨੂੰ ਸਿਖਲਾਈ ਦੇਣ ਵਿਚ ਅਣਗੌਲਿਆਂ ਨਾ ਕਰੋ।* ਉਨ੍ਹਾਂ ਨੂੰ ਦੁਆ ਕਰਨ ਅਤੇ ਸਿੱਖਿਆ ਦੇਣ ਆਦਿ ਵਿਚ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਆਪਣੇ ਤੋੜਿਆਂ ਦੇ ਚੰਗੇ ਮੁਖ਼ਤਿਆਰ ਕਿਵੇਂ ਬਣਨਾ ਹੈ। ਘਰੋਂ ਹੀ ਇਸ ਸਿੱਖਿਆ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ। ਕਲੀਸੀਆ ਵਿਚ ਪਰਮੇਸ਼ੁਰ ਦਾ ਭੈਅ ਮੰਨਣ ਵਾਲੀਆਂ ਔਰਤਾਂ ਇਸ ਸਿੱਖਿਆ ਵਿਚ ਮਦਦ ਕਰ ਸਕਦੀਆਂ ਹਨ (ਤੀਤੁਸ 2)।

4. *ਬਾਈਬਲ ਦੇ ਇਨ੍ਹਾਂ ਬੁਨਿਆਦੀ ਨਿਅਮਾਂ ਨੂੰ ਤੋੜੇ ਬਗ਼ੈਰ ਆਓ ਅਸੀਂ ਧਿਆਨ ਨਾਲ ਇਸ ਤੇ ਵਿਚਾਰ ਕਰੀਏ ਕਿ ਔਰਤਾਂ ਸਹੀ ਤੋੜਿਆਂ ਦੀ ਵਰਤੋਂ ਕਿਵੇਂ ਕਰਨ।* ਸਾਨੂੰ ਕਲੀਸੀਆ ਦੀਆਂ ਲੋੜਾਂ ਬਾਰੇ ਔਰਤਾਂ ਦੀ *ਸਲਾਹ* ਦੀ ਲੋੜ ਹੈ। ਸਾਨੂੰ ਔਰਤਾਂ ਦੇ *ਗੁਣਾਂ* ਦੀ ਲੋੜ ਹੈ ਅਜਿਹੀਆਂ ਬਹੁਤ ਸਾਰੀ ਮੰਡਲੀਆਂ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ ਕਿ ਜੋ ਕੰਮ ਉਹ ਕਰ ਰਹੀਆਂ ਹਨ ਉਹ ਉਨ੍ਹਾਂ ਔਰਤਾਂ ਦੇ ਬਗ਼ੈਰ ਨਹੀਂ ਕੀਤਾ ਜਾ ਸਕਦਾ ਸੀ!

## ਸਾਰ

ਕਲੀਸੀਆ ਦੇ ਸਾਹਮਣੇ ਜਗਤ ਵਾਂਗੂ ਬਣਨ ਲਈ ਬਹੁਤ ਸਾਰੀਆਂ ਚੁਣੌਤੀਆਂ ਆਉਣਗੀਆਂ। ਖ਼ੁਦਾ ਸਾਡੀ ਮਦਦ ਕਰੇ ਕਿ ਅਸੀਂ ਆਪਣੀਆਂ ਸਿੱਖਿਆਵਾਂ ਅਤੇ ਬਾਈਬਲ ਦੇ ਨੇਮਾਂ ਤੇ ਕਾਇਮ ਰਹੀਏ। ਖ਼ੁਦਾ ਆਪਣੀ ਕਲੀਸੀਆ ਦੇ ਨਾਲ ਹੋਵੇ!

ਡੇਵਿਡ ਰੋਪਰ

## ਟਿੱਪਣੀਆਂ

[1]ਬਾਈਬਲ ਬਾਰ-ਬਾਰ ਸਾਨੂੰ ਆਮ ਹਦਾਇਤਾਂ ਦਿੰਦੀ ਹੈ ਜਿਨ੍ਹਾਂ ਦੇ ਕਿਤੇ-ਕਿਤੇ ਅਪਵਾਦ ਵੀ ਹਨ। ਉਦਾਹਰਣ ਲਈ ਸਾਨੂੰ ਦੇਸ਼ ਦੇ ਕਾਨੂੰਨ ਦਾ ਪਾਲਣ ਕਰਨਾ ਚਾਹੀਦਾ ਹੈ (ਰੋਮੀਆਂ 13), ਪਰ ਜਦ ਪਤਰਸ ਨੂੰ ਹੁਕਮ ਮਿਲਿਆ ਕਿ ਉਹ ਪ੍ਰਚਾਰ ਕਰਨਾ ਬੰਦ ਕਰ ਦੇਵੇ, ਤਾਂ ਉਸ ਨੇ ਆਖਿਆ, ''ਮਨੁੱਖਾਂ ਦੇ ਹੁਕਮ ਨਾਲੋਂ ਪਰਮੇਸ਼ੁਰ ਦਾ ਹੁਕਮ ਮੰਨਣਾ ਜਰੂਰੀ ਹੈ'' (ਰਸੂਲਾਂ ਦੇ ਕੰਮ 5:29)। ਕੀ ਇਸ ਵਿਚ ਕੋਈ ਵਿਰੋਧਾਭਾਸ ਹੈ? ਨਹੀਂ, ਨਿਅਮ ਇਹ ਹੈ ਕਿ ''ਦੇਸ਼ ਦੇ ਕਾਨੂੰਨ ਦਾ ਪਾਲਣ'' ਕੀਤਾ ਜਾਵੇ। ਅਪਵਾਦ ਇਹ ਹੈ ਕਿ ''... ਜਦ ਤਕ ਉਹ ਨਿਅਮ ਪਰਮੇਸ਼ੁਰ ਦੀ ਵਿਵਸਥਾ ਦਾ ਉਲੰਘਣ ਨਾ ਕਰਦੇ ਹੋਣ।'' 1 ਕੁਰਿੰਥੀਆਂ 14 ਵਿਚ ਸਾਨੂੰ ਇਕ ਆਮ ਨਿਅਮ ਮਿਲਦਾ ਹੈ ਕਿ ਬੰਦਗੀ ਵਿਚ ਔਰਤਾਂ ਨੂੰ ਚੁਪ ਰਹਿਣਾ ਚਾਹੀਦਾ ਹੈ। ਗਾਉਣ ਬਾਰੇ ਮਿਲਣ ਵਾਲੀਆਂ ਆਇਤਾਂ ਵਿਚ ਇਕ ਅਪਵਾਦ ਮਿਲਦਾ ਹੈ ਕਿਉਂਕਿ ਹਰ ਮਸੀਹੀ ਨੂੰ ਗਾਉਣ ਦਾ ਹੁਕਮ ਹੈ (ਕੁਲੁੱਸੀਆਂ 3:16)। ਹੋਰਨਾਂ ਸਾਹਮਣੇ ਇਕਰਾਰ ਕਰਨ ਬਾਰੇ ਦਿੱਤੀਆਂ ਗਈਆਂ ਆਇਤਾਂ ਤਕ ਆਮ ਗੱਲ ਹੈ ਜੋ ਹਰ ਕਿਸੇ ਲਈ ਜ਼ਰੂਰੀ ਹੈ (ਰੋਮੀਆਂ 10:9, 10; 1 ਤਿਮੋਥਿਉਸ 6:12; ਮੱਤੀ 10:32)।